NATIONAL BANK FOR AGRICULTURE AND RURAL DEVELOPMENT
Head Office: Plot No. C-24, G Block, Bandra-Kurla Complex Bandra (E) Mumbai 400051.Website: www.nabard.org.

Azadi Ka Amrit Mahotsav

**Unaudited Standalone Financial Results for the half year ended September 30, 2022**

(₹ Crore)

| Sr. No. | Particulars | Quarter Ended | | | Half Year Ended | | Year Ended |
|---|---|---|---|---|---|---|---|
| | | 30.09.2022 | 30.06.2022 | 30.09.2021 | 30.09.2022 | 30.09.2021 | 31.03.2022 |
| | | [Unaudited] | [Unaudited] | [Unaudited] | [Unaudited] | [Unaudited] | [Audited] |
| 1 | Total Income from Operations | 9,636.43 | 8,861.08 | 9,225.43 | 18,497.51 | 18,396.63 | 36,761.29 |
| 2 | Net Profit / (Loss) for the period (before Tax, Exceptional and/or Extraordinary Items) | 1,457.42 | 1,417.66 | 1,544.21 | 2,875.08 | 3,468.98 | 6,692.92 |
| 3 | Net Profit / (Loss) for the period before Tax (after Exceptional and/or Extraordinary Items) | 1,457.42 | 1,417.66 | 1,544.21 | 2,875.08 | 3,468.98 | 6,692.92 |
| 4 | Net Profit / (Loss) for the period after Tax (after Exceptional and/or Extraordinary Items) | 1,102.69 | 1,072.60 | 1,151.98 | 2,175.29 | 2,587.86 | 5,081.86 |
| 5 | Total Comprehensive Income for the period [Comprising Profit/(Loss) for the period (after tax) and Other Comprehensive Income (after tax)] | NA | NA | NA | NA | NA | NA |
| 6 | Paid-up share capital | 17,080.00 | 17,080.00 | 15,580.00 | 17,080.00 | 15,580.00 | 17,080.00 |
| 7 | Reserves (excluding Revaluation Reserves) | | | | | | 43,116.93 |
| 8 | Securities Premium Account | NA | NA | NA | NA | NA | NA |
| 9 | Net Worth | 62,013.26 | 60,545.95 | 56,092.34 | 62,013.26 | 56,092.34 | 59,473.35 |
| 10 | Paid up Debt Capital / Outstanding Debt* | 5,95,484.44 | 6,10,388.56 | 5,38,748.97 | 5,95,484.44 | 5,38,748.97 | 6,46,377.17 |
| 11 | Outstanding Redeemable Preference Share | NA | NA | NA | NA | NA | NA |
| 12 | Debt-Equity Ratio | 9.48 | 9.96 | 9.50 | 9.48 | 9.50 | 10.74 |
| 13 | Earnings Per Share (EPS) | NA | NA | NA | NA | NA | NA |
| 14 | Capital Redemption Reserve | NA | NA | NA | NA | NA | NA |
| 15 | Debenture Redemption Reserve | NA | NA | NA | NA | NA | NA |

NA = Not Applicable
*Paid up Debt Capital / Outstanding Debt includes Outstanding Deposits, Bonds & Debentures and Borrowing

**Notes:** 1) The above is an extract of the detailed format of Quarterly/Half-yearly financial Results filed with the Stock Exchanges under Regulation 52 of the SEBI (Listing Obligation and Disclosure Requirements) Regulations, 2015. The full format of the Quarterly/Half-yearly Financial Results are available on the Stock Exchange websites (NSE: **www.nseindia.com** and BSE: **www.bseindia.com**) and on the bank's website (**www.nabard.org**).

Place :Mumbai
Date : November 11, 2022

Suchindra Misra
Chairman

## Medical store owner booked

*Chandigarh:* Police have booked Vinod Singla, owner of Kumar Brother Medical Store, for allegedly blocking the way of one Anuj Gupta of Atulaya Lab in Sector 11 Friday. The alleged incident happened on November 8. Vinod Singla and Anuj Gupta are embroiled in a property dispute. ENS

NATIONAL LAW UNIVERSITY ODISHA, CUTTACK
(Established by Odisha Act IV of 2008)
Kathajodi Campus, Sector 13, CDA, Cuttack -753015, Odisha
[Accredited with 'A' Grade by NAAC]

FIRST DINABANDHU SAHU MEMORIAL PUBLIC LECTURE (ONLINE) ON 13TH NOVEMBER 2022 (SUNDAY)

National Law University Odisha is organising the **First Dinabandhu Sahu Memorial Public Lecture (Online)** on **13th November 2022** (Sunday) at **11:30 am** on **Google Meet**. The lecture will be delivered by **J. Dipak Misra, the former Chief Justice of India**, on the theme of **"Personal Liberty and Dignity under the Constitutional Framework"** to commemorate the contributions of Late Shri Dinabandhu Sahu. Please visit www.nluo.ac.in for further details. **Sd/- Registrar (I/c)**

SML ISUZU LIMITED

Regd. Office : Village Asron, Distt. Shahid Bhagat Singh Nagar (Nawanshahr) - 144 533, Punjab. CIN : L50101PB1983PLC005516, Website: www.smlisuzu.com, Email id : investors@smlisuzu.com, T : 91 1881 270255, F: 91 1881 270223

**EXTRACT OF UNAUDITED FINANCIAL RESULTS FOR THE QUARTER AND HALF YEAR ENDED 30 SEPTEMBER 2022**

Rs. Crores, except per equity share data

| Particulars | Quarter Ended | | | Half Year Ended | | Year Ended |
|---|---|---|---|---|---|---|
| | 30.09.2022 | 30.06.2022 | 30.09.2021 | 30.09.2022 | 30.09.2021 | 31.03.2022 |
| | Unaudited | | | | | Audited |
| Total income | 410.84 | 500.66 | 236.43 | 911.50 | 336.75 | 930.13 |
| Net profit / (loss) for the period (before tax and exceptional items) | (9.17) | 2.34 | (29.63) | (6.83) | (63.07) | (100.27) |
| Net profit/(loss) for the period before tax (after exceptional items) | (9.17) | 2.34 | (29.63) | (6.83) | (63.07) | (100.27) |
| Net profit/(loss) for the period after tax (after exceptional items) | (9.17) | 2.34 | (29.11) | (6.83) | (62.55) | (99.76) |
| Total comprehensive income / (loss) for the period [comprising Profit / (loss) for the period (after tax) and Other Comprehensive Income (after tax)] | (9.45) | 2.11 | (28.49) | (7.34) | (61.53) | (94.08) |
| Equity Share Capital | 14.48 | 14.48 | 14.48 | 14.48 | 14.48 | 14.48 |
| Other equity (excluding revaluation reserves) | - | - | - | - | - | 147.01 |
| Earnings Per Share (of Rs.10/- each) (for continuing and discontinued operations) - | | | | | | |
| 1. Basic (Rs.) : | (6.34) | 1.62 | (20.11) | (4.72) | (43.22) | (68.94) |
| 2. Diluted (Rs.) : | (6.34) | 1.62 | (20.11) | (4.72) | (43.22) | (68.94) |

**Notes:**
1. The above is an extract of the detailed format of Annual/Quarterly Financial Results filed with the Stock Exchanges under Regulation 33 of the SEBI (Listing and Other Disclosure Requirements) Regulations, 2015. The full format of the Annual/Quarterly Financial Results are available on the websites of Stock Exchange(s) (www.bseindia.com, www.nseindia.com) and on Company's website (www.smlisuzu.com).

For and on behalf of the Board of Directors

(Junya Yamanishi)
Managing Director & CEO
DIN: 09174162

Place: New Delhi
Date : 11 November 2022

Azadi Ka Amrit Mahotsav

टीएचडीसी इंडिया लिमिटेड
THDC INDIA LIMITED
(श्रेणी-क, मिनी रत्न उपक्रम)
(Schedule-A, Mini Ratna PSU)
CIN : U45203UR1988GOI009822

**[Regulation 52 (8), read with Regulation 52 (4) of the SEBI (Listing obligations and Disclosure Requirements) Regulations, 2015 (LODR Regulations)]**

(₹ in Crore)

| S. No. | Particulars | Standalone | | | | | Consolidated | | | | |
|---|---|---|---|---|---|---|---|---|---|---|---|
| | | Quarter ended | | Six Months ended | | Year ended | Quarter ended | | Six Months ended | | Year ended |
| | | 30.09.2022 | 30.09.2021 | 30.09.2022 | 30.09.2021 | 31.03.2022 | 30.09.2022 | 30.09.2021 | 30.09.2022 | 30.09.2021 | 31.03.2022 |
| | | Unaudited | Unaudited | Unaudited | Unaudited | Audited | Unaudited | Unaudited | Unaudited | Unaudited | Audited |
| 1 | 2 | 3 | 4 | 5 | 6 | 7 | 8 | 9 | 10 | 11 | 12 |
| 1 | Total Income from Operations | 589.26 | 702.53 | 923.21 | 1018.80 | 2227.34 | 589.30 | 702.55 | 923.27 | 1018.87 | 2227.44 |
| 2 | Net Profit / (Loss) for the period (before Tax, Exceptional and/or Extraordinary items#) | 288.43 | 453.28 | 321.21 | 505.96 | 1149.41 | 288.24 | 453.30 | 320.78 | 506.03 | 1147.94 |
| 3 | Net Profit / (Loss) for the period before tax (after Exceptional and/or Extraordinary items#) | 288.43 | 453.28 | 321.21 | 505.96 | 1149.41 | 288.24 | 453.30 | 320.78 | 506.03 | 1147.94 |
| 4 | Net Profit / (Loss) for the period after tax (after Exceptional and/or Extraordinary items#) | 262.79 | 370.69 | 320.70 | 418.27 | 894.78 | 262.70 | 370.71 | 320.49 | 418.34 | 893.74 |
| 5 | Total Comprehensive Income for the period [Comprising Profit/ (Loss) for the period (after tax) and Other Comprehensive Income (after tax)] | 264.41 | 369.89 | 323.95 | 417.03 | 896.92 | 264.32 | 369.91 | 323.74 | 417.10 | 895.88 |
| 6 | Paid up Equity Share Capital | 3665.88 | 3665.88 | 3665.88 | 3665.88 | 3665.88 | 3665.88 | 3665.88 | 3665.88 | 3665.88 | 3665.88 |
| 7 | Reserves (excluding Revaluation Reserve) | 6766.28 | 6477.74 | 6766.28 | 6477.74 | 6640.27 | 6,765.17 | 6477.60 | 6765.17 | 6477.60 | 6639.31 |
| 8 | Securities Premium Account | - | - | - | - | - | - | - | - | - | - |
| 9 | Net worth | 10432.16 | 10143.62 | 10432.16 | 10143.62 | 10306.15 | 10431.05 | 10143.48 | 10431.05 | 10143.48 | 10305.19 |
| 10 | Paid up Debt Capital/ Outstanding Debt | 9038.97 | 6480.59 | 9038.97 | 6480.59 | 7080.61 | 9038.97 | 6480.59 | 9038.97 | 6480.59 | 7080.61 |
| 11 | Outstanding Redeemable Preference Shares | - | - | - | - | - | - | - | - | - | - |
| 12 | Debt Equity Ratio | 0.96 | 0.67 | 0.96 | 0.67 | 0.78 | 0.96 | 0.67 | 0.96 | 0.67 | 0.78 |
| 13 | Earnings Per Share (of ₹1000/-each) (for continuing and discontinued operations) – | | | | | | | | | | |
| | 1. Basic: | 71.68 | 101.12 | 87.48 | 114.10 | 244.08 | 71.67 | 101.12 | 87.44 | 114.11 | 243.88 |
| | 2. Diluted: | 71.68 | 101.12 | 87.48 | 114.10 | 244.08 | 71.67 | 101.12 | 87.44 | 114.11 | 243.88 |
| 14 | Capital Redemption Reserve | - | - | - | - | - | - | - | - | - | - |
| 15 | Debenture Redemption Reserve | 156.25 | 103.75 | 156.25 | 103.75 | 128.00 | 156.25 | 103.75 | 156.25 | 103.75 | 128.00 |
| 16 | Debt Service Coverage Ratio | 2.34 | 2.89 | 1.72 | 1.91 | 1.98 | 2.33 | 2.88 | 1.72 | 1.91 | 1.97 |
| 17 | Interest Service Coverage Ratio | 6.35 | 14.05 | 4.53 | 8.78 | 9.93 | 6.35 | 14.05 | 4.53 | 8.78 | 9.92 |

# - Exceptional and/or Extraordinary items adjusted in the Statement of Profit and Loss in accordance with Ind AS Rules / AS Rules, whichever is applicable.

**Notes:**
1. The above results have been approved by the Board of Directors at their meeting held on 10.11.2022.
2. The above is an extract of the detailed format of Unaudited Half Yearly Financial Results filed with the Stock Exchanges under Regulation 52 of the SEBI (Listing Obligations and Disclosure Requirements) Regulations, 2015. The full format of the Unaudited Half Yearly Financial Results is available on the stock exchange websites, **www.nseindia.com** and **www.bseindia.com** and can be accessed on the **https://www.bseindia.com/xml-data/corpfiling/AttachLive/b7fe5c29-965c-4d71-b05b-b2eac0bd6bb2.pdf** and **https://archives.nseindia.com/content/debt/WDM/Debt_10112022201319_FinancialStatement.pdf**
3. For the other line items referred in regulation 52(4) of the SEBI (Listing Obligations and Disclosure Requirements) Regulations, 2015, pertinent disclosures have been made to the stock exchanges and are available on the stock exchanges websites, **www.nseindia.com** and **www.bseindia.com** and on the Company's website **www.thdc.co.in** (**https://www.bseindia.com/xml-data/corpfiling/AttachLive/b7fe5c29-965c-4d71-b05b-b2eac0bd6bb2.pdf** and **https://archives.nseindia.com/content/debt/WDM/Debt_10112022201319_FinancialStatement.pdf**)

For and on Behalf of Board of Directors
(J. Behera)
Director (Finance)/CFO
DIN: 08536589

Place : Rishikesh
Date : 10.11.2022

Generating Power... Transmitting Prosperity...

# ਕਿਸਾਨਾਂ ਦੇ ਸੰਘਰਸ਼ ਅੱਗੇ ਝੁਕੀ ਪੰਜਾਬ ਸਰਕਾਰ

## ਗੰਨੇ ਦਾ ਭਾਅ 380 ਰੁਪਏ ਕਰਨ ਅਤੇ ਖੰਡ ਮਿੱਲਾਂ 20 ਨਵੰਬਰ ਤੋਂ ਚਲਾਉਣ ਦਾ ਨੋਟੀਫਿਕੇਸ਼ਨ ਜਾਰੀ

ਦਸੂਹਾ ਨੇੜਲੇ ਪਿੰਡ ਖੇੜਾ ਕੋਟਲੀ ਵਿੱਚ ਵਿਧਾਇਕ ਕਰਮਵੀਰ ਘੁੰਮਣ ਦੇ ਘਰ ਅੱਗੇ ਧਰਨਾ ਦਿੰਦੇ ਹੋਏ ਕਿਸਾਨ। -ਫੋਟੋ: ਮਲਕੀਅਤ ਸਿੰਘ

**ਕਿਸਾਨਾਂ ਵੱਲੋਂ ਸਵੇਰੇ ਵਿਧਾਇਕਾਂ ਦੇ ਘਰਾਂ ਦਾ ਘਿਰਾਓ**

**ਚਰਨਜੀਤ ਭੁੱਲਰ**
**ਚੰਡੀਗੜ੍ਹ, 11 ਨਵੰਬਰ**

ਪੰਜਾਬ ਸਰਕਾਰ ਨੇ ਕਿਸਾਨ ਧਿਰਾਂ ਵੱਲੋਂ ਦਬਾਅ ਬਣਾਏ ਜਾਣ ਮਗਰੋਂ ਅੱਜ ਗੰਨੇ ਦਾ ਭਾਅ 380 ਰੁਪਏ ਕਰਨ ਬਾਰੇ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਸਰਕਾਰ ਨੇ ਕਿਸਾਨ ਧਿਰਾਂ ਨਾਲ ਮੀਟਿੰਗ ਦੌਰਾਨ ਵਾਅਦਾ ਕੀਤਾ ਸੀ ਕਿ ਛੇਤੀ ਕੀਮਤਾਂ ਵਿਚ ਵਾਧੇ ਬਾਰੇ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਜਾਵੇਗਾ ਪਰ ਉਸ ਮਗਰੋਂ ਸਰਕਾਰ ਨੋਟੀਫਿਕੇਸ਼ਨ ਜਾਰੀ ਕਰਨਾ ਹੀ ਭੁੱਲ ਗਈ। ਦੁਆਬਾ ਕਿਸਾਨ ਕਮੇਟੀ ਨੇ ਅੱਜ ਜਦੋਂ ਟਾਂਡਾ ਦੇ 'ਆਪ' ਵਿਧਾਇਕ ਜਸਵੀਰ ਸਿੰਘ ਅਤੇ ਦਸੂਹਾ ਦੇ 'ਆਪ' ਵਿਧਾਇਕ ਦੇ ਘਰ ਅੱਗੇ ਟਰੈਕਟਰ ਟਰਾਲੀਆਂ ਖੜ੍ਹੀਆਂ ਕਰ ਦਿੱਤੀਆਂ ਤਾਂ ਉਸ ਮਗਰੋਂ ਸਰਕਾਰ ਕਿਸਾਨਾਂ ਦੇ ਸੰਘਰਸ਼ ਅੱਗੇ ਝੁਕ ਗਈ। ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਪਿੜਾਈ ਸਾਲ 2022-23 ਦੌਰਾਨ ਫੇਅਰ ਐਂਡ ਰੈਮੋਨਿਊਰੇਟਿਵ ਪ੍ਰਾਈਸ ਅਤੇ ਸਟੇਟ ਐਗਰੀਡ ਪ੍ਰਾਈਸ ਦੇ ਮੁੱਲ ਦਾ ਅੰਤਰ ਪੰਜਾਬ ਸਰਕਾਰ ਅਤੇ ਪ੍ਰਾਈਵੇਟ ਖੰਡ ਮਿੱਲਾਂ 2:1 ਅਨੁਪਾਤ ਅਨੁਸਾਰ ਤੈਅ ਹੈ। ਕੇਂਦਰ ਸਰਕਾਰ ਨੇ ਗੰਨੇ ਦੀਆਂ ਸਾਰੀਆਂ ਕਿਸਮਾਂ ਦਾ ਭਾਅ 305 ਰੁਪਏ ਪ੍ਰਤੀ ਕੁਇੰਟਲ ਤੈਅ ਕੀਤਾ ਹੈ, ਜਿਸ ਵਿਚ ਪੰਜਾਬ ਸਰਕਾਰ ਨੇ ਵਾਧਾ ਕਰ ਕੇ ਅਗੇਤੀ ਕਿਸਮ ਦੇ ਗੰਨੇ ਦਾ ਭਾਅ 380 ਰੁਪਏ ਅਤੇ ਦਰਮਿਆਨੀ ਕਿਸਮ ਦੇ ਗੰਨੇ ਦਾ ਭਾਅ 370 ਰੁਪਏ ਅਤੇ ਪਿਛੇਤੀ ਕਿਸਮ ਦੇ ਗੰਨੇ ਦਾ ਭਾਅ 365 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਹੈ। ਖੇਤੀ ਮੰਤਰੀ ਨੇ ਦੱਸਿਆ ਕਿ ਸਰਕਾਰ ਦਾ ਬਣਦਾ ਹਿੱਸਾ 50 ਰੁਪਏ ਪ੍ਰਤੀ ਕੁਇੰਟਲ ਗੰਨਾ ਕਾਸ਼ਤਕਾਰਾਂ ਦੇ ਖਾਤਿਆਂ ਵਿਚ ਸਿੱਧੇ ਤੌਰ 'ਤੇ ਜਮ੍ਹਾਂ ਕਰਵਾਇਆ ਜਾਵੇਗਾ ਤੇ ਸਾਰੀਆਂ ਮਿੱਲਾਂ 20 ਨਵੰਬਰ ਤੋਂ ਗੰਨੇ ਦੀ ਪਿੜਾਈ ਸ਼ੁਰੂ ਕਰ ਦੇਣਗੀਆਂ। ਦੱਸਣਯੋਗ ਹੈ ਕਿ ਪਹਿਲਾਂ ਸਰਕਾਰ ਨੇ ਪੰਜ ਨਵੰਬਰ ਤੋਂ ਗੰਨੇ ਦੀ ਪਿੜਾਈ ਸ਼ੁਰੂ ਕਰਨ ਦਾ ਐਲਾਨ ਕੀਤਾ ਸੀ।

**ਟਾਂਡਾ/ਦਸੂਹਾ, (ਸੁਰਿੰਦਰ ਸਿੰਘ ਗੁਰਾਇਆ/ਭਗਵਾਨ ਦਾਸ ਸੰਦਲ):** ਪੰਜਾਬ ਸਰਕਾਰ ਵੱਲੋਂ ਸੂਬੇ ਦੀਆਂ ਖੰਡ ਮਿੱਲਾਂ ਚਾਲੂ ਕਰਨ ਦਾ ਵਾਅਦਾ ਪੂਰਾ ਨਾ ਕਰਨ ਸਬੰਧੀ ਅੱਜ ਦੋਆਬਾ ਕਿਸਾਨ ਕਮੇਟੀ ਪੰਜਾਬ ਵੱਲੋਂ ਟਾਂਡਾ ਦੇ ਵਿਧਾਇਕ ਜਸਵੀਰ ਸਿੰਘ ਰਾਜਾ ਦੇ ਘਰ ਅੱਗੇ ਗੰਨੇ ਨਾਲ ਲੱਦੀਆਂ ਟਰਾਲੀਆਂ ਲਿਆ ਕੇ ਅਣਮਿੱਥੇ ਸਮੇਂ ਲਈ ਰੋਸ ਪ੍ਰਦਰਸ਼ਨ ਕੀਤਾ ਗਿਆ। ਜਥੇਬੰਦੀ ਦੇ ਸੂਬਾ ਪ੍ਰਧਾਨ ਜੰਗਵੀਰ ਸਿੰਘ ਚੌਹਾਨ, ਪ੍ਰਿਤਪਾਲ ਸਿੰਘ ਗੁਰਾਇਆ ਤੇ ਅਮਰਜੀਤ ਸਿੰਘ ਕੁਰਾਲਾ ਨੇ ਦੱਸਿਆ ਕਿ ਮੁੱਖ ਮੰਤਰੀ, ਪੰਜਾਬ ਵੱਲੋਂ ਪੰਜਾਬ ਭਵਨ ਚੰਡੀਗੜ੍ਹ ਵਿੱਚ ਕਿਸਾਨ ਜਥੇਬੰਦੀਆਂ ਦੀ ਹੋਈ ਮੀਟਿੰਗ ਵਿੱਚ ਸੂਬੇ ਦੀਆਂ ਸਾਰੀਆਂ ਪ੍ਰਾਈਵੇਟ ਅਤੇ ਸਹਿਕਾਰੀ ਖੰਡ ਮਿੱਲਾਂ ਨੂੰ 5 ਨਵੰਬਰ ਤੋਂ 15 ਨਵੰਬਰ ਚਾਲੂ ਕਰਨ ਦਾ ਵਾਅਦਾ ਕੀਤਾ ਸੀ ਪਰ ਅਜੇ ਤੱਕ ਸੂਬੇ ਦੀ ਕੋਈ ਵੀ ਖੰਡ ਮਿੱਲ ਚਾਲੂ ਨਹੀਂ ਹੋ ਸਕੀ। ਇਸ ਦੌਰਾਨ ਕਿਸਾਨਾਂ ਵੱਲੋਂ ਪਿੰਡ ਖੇੜਾ ਕੋਟਲੀ ਵਿੱਚ ਹਲਕਾ ਵਿਧਾਇਕ ਐਡਵੋਕੇਟ ਕਰਮਬੀਰ ਸਿੰਘ ਘੁੰਮਣ ਦੀ ਰਿਹਾਇਸ਼ ਦਾ ਘਿਰਾਓ ਕੀਤਾ ਗਿਆ। ਧਰਨੇ ਦੀ ਅਗਵਾਈ ਦੋਆਬਾ ਕਿਸਾਨ ਸੰਘਰਸ਼ ਕਮੇਟੀ ਦੇ ਪ੍ਰਧਾਨ ਜੰਗਵੀਰ ਸਿੰਘ ਚੌਹਾਨ ਤੇ ਮੀਤ ਪ੍ਰਧਾਨ ਰਣਜੀਤ ਬਾਜਵਾ ਨੇ ਕੀਤੀ।

### ਕਿਸਾਨ ਕਮੇਟੀ ਨੇ ਸ਼ਾਮੀਂ ਵਿਧਾਇਕਾਂ ਦੇ ਘਰਾਂ ਅੱਗਿਓਂ ਧਰਨੇ ਚੁੱਕੇ

**ਮੁਕੇਰੀਆਂ (ਜਗਜੀਤ ਸਿੰਘ):** ਪੰਜਾਬ ਸਰਕਾਰ ਵੱਲੋਂ ਖੰਡ ਮਿੱਲਾਂ 20 ਨਵੰਬਰ ਨੂੰ ਚਲਾਉਣ ਦਾ ਨੋਟੀਫਿਕੇਸ਼ਨ ਜਾਰੀ ਕਰਨ ਉਪਰੰਤ ਦੋਆਬਾ ਕਿਸਾਨ ਕਮੇਟੀ ਨੇ ਇਸ ਮੰਗ ਲਈ ਵਿਧਾਇਕਾਂ ਦੀਆਂ ਰਿਹਾਇਸ਼ਾਂ ਦੇ ਕੀਤੇ ਜਾ ਰਹੇ ਘਿਰਾਓ ਦਾ ਪ੍ਰੋਗਰਾਮ ਵਾਪਸ ਲੈ ਲਿਆ ਹੈ। ਇਸੇ ਕੜੀ ਤਹਿਤ ਅੱਜ ਹਲਕਾ ਉੜਮੁੜ ਤੋਂ ਵਿਧਾਇਕ ਜਸਵੀਰ ਸਿੰਘ ਰਾਜਾ ਅਤੇ ਦਸੂਹਾ ਹਲਕੇ ਤੋਂ ਵਿਧਾਇਕ ਕਰਮਬੀਰ ਸਿੰਘ ਘੁੰਮਣ ਦੇ ਘਰ ਅੱਗੇ ਸ਼ੁਰੂ ਕੀਤਾ ਪੱਕਾ ਧਰਨਾ ਦੇਰ ਸ਼ਾਮ ਚੁੱਕ ਲਿਆ ਗਿਆ। ਦੋਆਬਾ ਕਿਸਾਨ ਕਮੇਟੀ ਦੇ ਪ੍ਰਧਾਨ ਜੰਗਵੀਰ ਸਿੰਘ ਚੌਹਾਨ ਨੇ ਕਿਹਾ ਕਿ ਸਰਕਾਰ ਵੱਲੋਂ ਉਨ੍ਹਾਂ ਦੀ ਖੰਡ ਮਿੱਲਾਂ ਚਲਾਉਣ ਦੀ ਮੰਗ ਪੂਰੀ ਕਰਨ 'ਤੇ ਕਮੇਟੀ ਵੱਲੋਂ ਕੀਤਾ ਜਾ ਰਿਹਾ ਸੰਘਰਸ਼ ਵਾਪਸ ਲੈ ਲਿਆ ਗਿਆ ਹੈ ਅਤੇ ਮੁਕੇਰੀਆਂ ਖੰਡ ਮਿੱਲ ਸਬੰਧੀ ਫ਼ੈਸਲਾ ਸੰਯੁਕਤ ਸੰਘਰਸ਼ ਕਮੇਟੀ ਵੱਲੋਂ ਆਪਣੇ ਪੱਧਰ 'ਤੇ ਲਿਆ ਜਾਵੇਗਾ। ਉਨ੍ਹਾਂ ਭਗਵੰਤ ਮਾਨ ਸਰਕਾਰ ਤੋਂ ਮੰਗ ਕੀਤੀ ਕਿ ਗੰਨੇ ਦੀ ਸਮੇਂ ਸਿਰ ਅਦਾਇਗੀ ਯਕੀਨੀ ਬਣਾਉਣ ਲਈ ਸਰਕਾਰ ਕੇਨ ਕਮਿਸ਼ਨਰ ਨੂੰ ਪਾਬੰਦ ਕਰੇ ਅਤੇ ਸਰਕਾਰ ਵੱਲੋਂ ਦਿੱਤੀ ਜਾਣ ਵਾਲੀ ਰਾਸ਼ੀ ਵੀ ਸਮੇਂ ਸਿਰ ਕਿਸਾਨਾਂ ਦੇ ਖਾਤਿਆਂ ਵਿੱਚ ਪਾਈ ਜਾਵੇ।

# ਜਲੰਧਰ ਵਿੱਚ ਆਮਦਨ ਕਰ ਵਿਭਾਗ ਦੇ ਛਾਪੇ ਜਾਰੀ

**ਪੱਤਰ ਪ੍ਰੇਰਕ**
**ਆਦਮਪੁਰ ਦੋਆਬਾ (ਜਲੰਧਰ), 11 ਨਵੰਬਰ**

ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਅੱਜ ਦੂਜੇ ਦਿਨ ਵੀ ਆਮਦਨ ਕਰ ਵਿਭਾਗ ਦੀ ਟੀਮ ਨੇ ਤਲਾਸ਼ੀ ਮੁਹਿੰਮ ਜਾਰੀ ਰੱਖੀ। ਜਾਣਕਾਰੀ ਅਨੁਸਾਰ ਕੱਲ੍ਹ ਤੋਂ ਹੀ ਆਮਦਨ ਕਰ ਵਿਭਾਗ ਦੀ ਟੀਮ ਵੱਲੋਂ ਸ਼ਹਿਰ ਦੇ ਇੱਕ ਨਾਮੀ ਕੰਬਲ ਉਦਯੋਗਪਤੀ ਤੇ ਵੱਡੇ ਪ੍ਰਾਪਟੀ ਡੀਲਰ ਦੇ ਘਰ ਅਤੇ ਦਫ਼ਤਰਾਂ 'ਤੇ ਛਾਪੇ ਮਾਰੀ ਕੀਤੀ ਜਾ ਰਹੀ। ਇਸ ਟੀਮ ਦੀ ਅਗਵਾਈ ਜੁਆਇੰਟ ਡਾਇਰੈਕਟਰ (ਖੋਜ ਪੜਤਾਲ) ਲੁਧਿਆਣਾ ਰਿਸ਼ੀ ਕੁਮਾਰ ਨੇ ਕੀਤੀ। ਇਹ ਖੋਜ ਅੱਜ ਵੀ ਸਾਰਾ ਦਿਨ ਚੱਲਦੀ ਰਹੀ ਹੈ ਤੇ ਸੰਭਾਵਨਾ ਜਤਾਈ ਜਾ ਰਹੀ ਹੈ ਕੇ ਰਾਤ ਤੱਕ ਤਲਾਸ਼ੀ ਜਾਰੀ ਰਹੇਗੀ। ਦੋਵੇਂ ਆਗੂਆਂ ਦੇ ਖਾਤੇ ਅਤੇ ਕਾਰੋਬਾਰੀ ਰਿਕਾਰਡ ਦੀ ਵੀ ਤਲਾਸ਼ੀ ਲਈ ਜਾ ਰਹੀ ਹੈ। ਸਥਾਨਕ ਪੱਧਰ 'ਤੇ ਇਸ ਬਾਰੇ ਕੋਈ ਜਾਣਕਾਰੀ ਸਾਂਝੀ ਨਹੀਂ ਕੀਤੀ ਗਈ ਹੈ। ਅਧਿਕਾਰੀਆਂ ਵੱਲੋਂ ਇਸ ਸਬੰਧੀ ਕਿਸੇ ਨਾਲ ਵੀ ਜਾਣਾਰੀ ਸਾਂਝੀ ਨਹੀਂ ਕੀਤੀ ਜਾ ਰਹੀ।

# ਬੰਦੀ ਸਿੰਘਾਂ ਦੀ ਰਿਹਾਈ ਲਈ ਸਿਫਾਰਸ਼ ਕਰੇ ਪੰਜਾਬ ਸਰਕਾਰ: ਧਾਮੀ

## ਰਾਜੀਵ ਗਾਂਧੀ ਕਤਲ ਦੇ ਦੋਸ਼ੀਆਂ ਸਬੰਧੀ ਆਏ ਫ਼ੈਸਲੇ ਤੋਂ ਬੰਦੀ ਸਿੰਘਾਂ ਦੀ ਰਿਹਾਈ ਦੀ ਆਸ ਬੱਝੀ

**ਜਗਤਾਰ ਸਿੰਘ ਲਾਂਬਾ**
**ਅੰਮ੍ਰਿਤਸਰ, 11 ਨਵੰਬਰ**

ਸੁਪਰੀਮ ਕੋਰਟ ਵੱਲੋਂ ਰਾਜੀਵ ਗਾਂਧੀ ਕਤਲ ਮਾਮਲੇ ਵਿੱਚ ਦੋਸ਼ੀਆਂ ਨੂੰ ਰਿਹਾਅ ਕਰਨ ਦੇ ਫ਼ੈਸਲੇ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਹੋਰ ਸਿੱਖ ਜਥੇਬੰਦੀਆਂ ਨੇ ਕਿਹਾ ਕਿ ਅਜਿਹਾ ਫ਼ੈਸਲਾ ਬੰਦੀ ਸਿੰਘਾਂ 'ਤੇ ਲਾਗੂ ਕਿਉਂ ਨਹੀਂ ਕੀਤਾ ਜਾ ਰਿਹਾ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ ਦੇਸ਼ ਦੀਆਂ ਜੇਲ੍ਹਾਂ ਵਿੱਚ ਤਿੰਨ-ਤਿੰਨ ਦਹਾਕਿਆਂ ਤੋਂ ਬੰਦ ਸਿੰਘਾਂ ਦੀ ਰਿਹਾਈ ਬਾਰੇ ਕੌਮ ਵੱਲੋਂ ਲੰਮੇ ਅਰਸੇ ਤੋਂ ਆਵਾਜ਼ ਉਠਾਈ ਜਾ ਰਹੀ ਹੈ, ਪਰ ਸਰਕਾਰਾਂ ਕੰਨ ਬੰਦ ਕਰ ਕੇ ਬੈਠੀਆਂ ਹਨ।

ਉਨ੍ਹਾਂ ਕਿਹਾ ਕਿ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦਿੱਲੀ ਸਰਕਾਰ ਵੱਲੋਂ ਇਕ ਸਹਿਮਤੀ ਦੇਣ ਨਾਲ ਸੰਭਵ ਹੋ ਸਕਦੀ ਹੈ, ਪਰ ਉਥੋਂ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਸਿੱਖ ਵਿਰੋਧੀ ਭਾਵਨਾਵਾਂ ਦਾ ਪ੍ਰਗਟਾਵਾ ਕਰ ਰਹੇ ਹਨ। ਗੁਰਦੀਪ ਸਿੰਘ ਖੇੜਾ ਦੀ ਰਿਹਾਈ ਦਾ ਮਾਮਲਾ ਕਰਨਾਟਕ ਸਰਕਾਰ ਕੋਲ ਲੰਬਿਤ ਹੈ। ਉਨ੍ਹਾਂ ਕਿਹਾ ਕਿ ਭਾਈ ਬਲਵੰਤ ਸਿੰਘ ਰਾਜੋਆਣਾ ਦੇ ਮਾਮਲੇ ਵਿੱਚ ਸੁਪਰੀਮ ਕੋਰਟ ਵੱਲੋਂ ਸਪੱਸ਼ਟ ਹਦਾਇਤ ਦੇ ਬਾਵਜੂਦ ਸਰਕਾਰਾਂ ਟਾਲ-ਮਟੋਲ ਅਤੇ ਵਿਰੋਧ ਵਾਲੀ ਨੀਤੀ ਤਹਿਤ ਕੰਮ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜੇਕਰ ਰਾਜੀਵ ਗਾਂਧੀ ਕਤਲ ਕੇਸ ਵਿੱਚ ਸ਼ਾਮਲ ਦੋਸ਼ੀਆਂ ਦੀ ਰਿਹਾਈ ਲਈ ਤਾਮਿਲਨਾਡੂ ਸਰਕਾਰ ਸਿਫਾਰਸ਼ ਕਰ ਸਕਦੀ ਹੈ ਤਾਂ ਸਿੱਖ ਬੰਦੀਆਂ ਦੀ ਰਿਹਾਈ ਮਾਮਲੇ ਵਿੱਚ ਕੇਂਦਰ ਤੇ ਪੰਜਾਬ ਸਮੇਤ ਹੋਰਨਾਂ ਸੂਬਿਆਂ ਦੀ ਸਰਕਾਰਾਂ ਕਿਉਂ ਨਹੀਂ ਸਿਫਾਰਸ਼ ਕਰ ਸਕਦੀਆਂ। ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਤਾਂ ਸਜ਼ਾਵਾਂ ਪੂਰੀਆਂ ਹੋਣ ਨਾਲ ਵੀ ਜੁੜੀ ਹੋਈ ਹੈ, ਜਦਕਿ ਰਾਜੀਵ ਗਾਂਧੀ ਕਤਲ ਦੇ ਦੋਸ਼ੀਆਂ ਨੂੰ ਸਮੇਂ ਤੋਂ ਪਹਿਲਾਂ ਰਿਹਾਈ ਦਿੱਤੀ ਗਈ ਹੈ। ਸਿੱਖ ਕਤਲੇਆਮ ਦੇ ਕਥਿਤ ਦੋਸ਼ੀ ਜਗਦੀਸ਼ ਟਾਈਟਲਰ ਨੂੰ ਦਿੱਲੀ ਦੀਆਂ ਨਗਰ ਨਿਗਮ ਚੋਣਾਂ ਲਈ ਕਾਂਗਰਸ ਵੱਲੋਂ ਸੂਬਾ ਚੋਣ ਕਮੇਟੀ ਵਿੱਚ ਸ਼ਾਮਲ ਕਰਨ 'ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਇਤਰਾਜ਼ ਪ੍ਰਗਟ ਕੀਤਾ ਹੈ। ਇਸ ਦੇ ਨਾਲ ਹੀ ਉਨ੍ਹਾਂ ਸਿੱਖ ਕਤਲੇਆਮ ਦੇ ਕਥਿਤ ਦੋਸ਼ੀ ਕਾਂਗਰਸ ਆਗੂ ਕਮਲ ਨਾਥ ਨੂੰ ਮੱਧ ਪ੍ਰਦੇਸ਼ ਦੇ ਇੰਦੌਰ ਵਿੱਚ ਇਕ ਸਮਾਗਮ ਦੌਰਾਨ ਸਨਮਾਨੇ ਜਾਣ ਦੀ ਨਿਖੇਧੀ ਕੀਤੀ ਹੈ।

ਇਸ ਦੌਰਾਨ ਸੁਪਰੀਮ ਕੋਰਟ ਵੱਲੋਂ ਰਾਜੀਵ ਗਾਂਧੀ ਦੇ ਕਾਤਲਾਂ ਨੂੰ ਰਿਹਾਅ ਕਰਨ ਦੇ ਫ਼ੈਸਲੇ 'ਤੇ ਖੁਸ਼ੀ ਜ਼ਾਹਿਰ ਕਰਦਿਆਂ ਦਲ ਖਾਲਸਾ ਨੇ ਇਸ ਫ਼ੈਸਲੇ ਨੂੰ ਬੰਦੀ ਸਿੰਘਾਂ ਦੀ ਰਿਹਾਈ ਲਈ ਉਮੀਦ ਦੀ ਰੌਸ਼ਨੀ ਆਖਿਆ। ਜਥੇਬੰਦੀ ਆਗੂ ਕੰਵਰਪਾਲ ਸਿੰਘ ਨੇ ਕਿਹਾ ਕਿ ਇਹ ਫੈਸਲਾ ਬੰਦੀ ਸਿੰਘਾਂ ਦੀ ਰਿਹਾਈ ਦਾ ਸਬੱਬ ਬਣੇਗਾ।

### ਸ਼੍ਰੋਮਣੀ ਕਮੇਟੀ ਨੇ ਸੂਬੇ 'ਚ ਨਸ਼ਿਆਂ ਦੇ ਵਧਦੇ ਰੁਝਾਨ 'ਤੇ ਫਿਕਰ ਜਤਾਇਆ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜਾਬ ਵਿੱਚ ਨਸ਼ਿਆਂ ਦੇ ਵਧਦੇ ਰੁਝਾਨ 'ਤੇ ਫਿਕਰ ਜਤਾਉਂਦਿਆਂ ਕਿਹਾ ਕਿ 'ਆਪ' ਸਰਕਾਰ ਸ਼ਰਾਬ ਤੋਂ ਹੋਣ ਵਾਲੀ ਕਮਾਈ ਦੀ ਥਾਂ ਆਮਦਨ ਦੇ ਹੋਰ ਸਰੋਤ ਲੱਭੇ। ਸ਼੍ਰੋਮਣੀ ਕਮੇਟੀ ਨੇ ਇਸ ਸਬੰਧੀ ਬੀਤੇ ਦਿਨ ਹੋਏ ਜਨਰਲ ਇਜਲਾਸ ਵਿੱਚ ਇਕ ਮਤਾ ਪਾਸ ਕੀਤਾ ਗਿਆ ਸੀ, ਜਿਸ ਨੂੰ ਕੇਂਦਰ ਅਤੇ ਸੂਬਾ ਸਰਕਾਰ ਦੋਵਾਂ ਨੂੰ ਭੇਜਿਆ ਗਿਆ ਹੈ। ਸ਼੍ਰੋਮਣੀ ਕਮੇਟੀ ਨੇ ਕੁਝ ਅੰਕੜੇ ਜਾਰੀ ਕਰਦਿਆਂ ਦੱਸਿਆ ਕਿ ਬੀਤੇ ਵਿੱਤੀ ਵਰ੍ਹੇ ਦੌਰਾਨ ਪੰਜਾਬ ਸਰਕਾਰ ਨੂੰ ਸ਼ਰਾਬ ਤੋਂ 5578 ਕਰੋੜ ਰੁਪਏ ਦਾ ਮਾਲੀਆ ਇਕੱਠਾ ਹੋਇਆ। ਉਨ੍ਹਾਂ ਪੰਜਾਬ ਪੁਲੀਸ ਵੱਲੋਂ ਨਸ਼ਿਆਂ ਦੇ ਕਾਰੋਬਾਰ ਦੇ ਦੋਸ਼ ਹੇਠ ਦਰਜ ਕੀਤੇ ਕੇਸ ਅਤੇ ਗ੍ਰਿਫ਼ਤਾਰ ਕੀਤੇ ਵਿਅਕਤੀਆਂ ਦੇ ਅੰਕੜੇ ਵੀ ਜਾਰੀ ਕੀਤੇ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਪੰਜਾਬ ਵਿੱਚ ਨਸ਼ਿਆਂ ਦਾ ਵਧਦਾ ਰੁਝਾਨ ਨੌਜਵਾਨਾਂ ਨੂੰ ਆਪਣੇ ਸੱਭਿਆਚਾਰ, ਰਵਾਇਤਾਂ ਅਤੇ ਵਿਰਸੇ ਤੋਂ ਤੋੜਨ ਦੀ ਇਕ ਡੂੰਘੀ ਸਾਜ਼ਿਸ਼ ਦਾ ਹਿੱਸਾ ਹੈ, ਜੋ ਕਿ ਪੰਜਾਬੀਆਂ ਦੀ ਨਸਲਕੁਸ਼ੀ ਤੋਂ ਘੱਟ ਨਹੀਂ ਹੈ।

# ਪਤੀ ਦੀ ਹੱਤਿਆ ਮਗਰੋਂ ਲਾਸ਼ ਘਰ ਦੇ ਵਿਹੜੇ ਵਿੱਚ ਦੱਬੀ

## ਪੁਲੀਸ ਨੇ ਇੱਕ ਮਹੀਨੇ ਬਾਅਦ ਲਾਸ਼ ਬਰਾਮਦ ਕੀਤੀ; ਮਾਂ-ਪੁੱਤ ਗ੍ਰਿਫ਼ਤਾਰ

**ਰਾਜਿੰਦਰ ਕੁਮਾਰ**
**ਬੱਲੂਆਣਾ (ਅਬੋਹਰ), 11 ਨਵੰਬਰ**

ਪਿੰਡ ਬਹਾਵਲਵਾਸੀ ਵਿੱਚ ਇਕ ਔਰਤ ਨੇ ਆਪਣੇ ਪੁੱਤਰ ਨਾਲ ਰਲ ਕੇ ਆਪਣੇ ਪਤੀ ਦਾ ਕਤਲ ਕਰ ਦਿੱਤਾ ਤੇ ਉਸ ਦੀ ਲਾਸ਼ ਘਰ ਦੇ ਵਿਹੜੇ ਵਿੱਚ ਟੋਆ ਪੁੱਟ ਕੇ ਦੱਬ ਦਿੱਤੀ। ਇਹ ਘਟਨਾ ਇੱਕ ਮਹੀਨਾ ਪਹਿਲਾਂ ਦੀ ਹੈ, ਜਿਸ ਸਬੰਧੀ ਉਕਤ ਔਰਤ ਵੱਲੋਂ ਪੁਲੀਸ ਕੋਲ ਆਪਣੇ ਪਤੀ ਦੀ ਗੁੰਮਸ਼ੁਦਗੀ ਦੀ ਰਿਪੋਰਟ ਵੀ ਦਰਜ ਕਰਵਾਈ ਗਈ ਸੀ। ਪੁਲੀਸ ਦੀ ਪੁੱਛ-ਪੜਤਾਲ ਦੌਰਾਨ ਮੁਲਜ਼ਮ ਔਰਤ ਨੇ ਆਪਣੇ ਪਤੀ ਦੇ ਕਤਲ ਦੀ ਗੱਲ ਕਬੂਲ ਕੀਤੀ। ਉਸ ਵੱਲੋਂ ਦਿੱਤੀ ਗਈ ਜਾਣਕਾਰੀ ਦੇ ਆਧਾਰ 'ਤੇ ਅੱਜ ਪੁਲੀਸ ਨੇ ਲਾਸ਼ ਬਰਾਮਦ ਕਰਕੇ ਮਾਂ-ਪੁੱਤ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਜਾਣਕਾਰੀ ਅਨੁਸਾਰ ਮੱਖਣ ਸਿੰਘ (50) ਨੂੰ ਸ਼ੱਕ ਸੀ ਕੇ ਉਸ ਦੀ ਪਤਨੀ ਸੁਖਪਾਲ ਕੌਰ ਦੇ ਕਿਸੇ ਨਾਲ ਨਾਜਾਇਜ਼ ਸਬੰਧ ਹਨ ਜਿਸ ਕਰਕੇ ਦੋਵਾਂ ਵਿਚਾਲੇ ਅਕਸਰ ਲੜਾਈ ਰਹਿੰਦੀ ਸੀ। ਲਗਪਗ ਇੱਕ ਮਹੀਨਾ ਪਹਿਲਾਂ ਦੋਵਾਂ ਵਿੱਚ ਇਸ ਗੱਲ 'ਤੇ ਝਗੜਾ ਹੋਇਆ, ਜਿਸ ਮਗਰੋਂ ਸੁਖਪਾਲ ਕੌਰ ਨੇ ਆਪਣੇ ਲੜਕੇ ਪ੍ਰਦੀਪ ਨਾਲ ਮਿਲ ਕੇ ਮੱਖਣ ਸਿੰਘ ਦਾ ਕਤਲ ਕਰ ਦਿੱਤਾ ਤੇ 18 ਅਕਤੂਬਰ ਨੂੰ ਸੁਖਪਾਲ ਕੌਰ ਨੇ ਪੁਲੀਸ ਕੋਲ ਮੱਖਣ ਸਿੰਘ ਦੇ ਲਾਪਤਾ ਹੋਣ ਦੀ ਰਿਪੋਰਟ ਦਰਜ ਕਰਵਾਈ। ਇੰਸਪੈਕਟਰ ਬਰਜਿੰਦਰ ਸਿੰਘ ਨੇ ਦੱਸਿਆ ਕਿ ਮਹੀਨੇ ਮਗਰੋਂ ਅੱਜ ਸੁਖਪਾਲ ਕੌਰ ਨੇ ਇਹ ਗੱਲ ਕਬੂਲ ਕੀਤੀ ਕਿ 7-8 ਅਕਤੂਬਰ ਦੀ ਰਾਤ ਨੂੰ ਉਸ ਨੇ ਆਪਣੇ ਪੁੱਤਰ ਨਾਲ ਰਲ ਕੇ ਮੱਖਣ ਸਿੰਘ ਦਾ ਗਲਾ ਘੁੱਟ ਕੇ ਉਸ ਦੀ ਹੱਤਿਆ ਕੀਤੀ ਸੀ। ਪੁਲੀਸ ਨੇ ਦੋਵਾਂ ਖ਼ਿਲਾਫ਼ ਕੇਸ ਦਰਜ ਕਰਕੇ ਲਾਸ਼ ਸਰਕਾਰੀ ਹਸਪਤਾਲ ਦੇ ਮੁਰਦਾ ਘਰ ਵਿੱਚ ਰਖਵਾ ਦਿੱਤੀ ਹੈ।

ਪਿੰਡ ਬਹਾਵਲਵਾਸੀ ਵਿੱਚ ਘਰ 'ਚ ਦੱਬੀ ਲਾਸ਼ ਕੱਢਦੇ ਹੋਏ ਪਿੰਡ ਵਾਸੀ।

# ਲੰਪੀ ਸਕਿਨ: ਸੰਭਾਵੀ ਲਹਿਰ ਤੋਂ ਬਚਾਅ ਲਈ ਟੀਕਾਕਰਨ ਮੁਹਿੰਮ ਉਲੀਕੀ

**ਅਗਲੇ ਸਾਲ ਫਰਵਰੀ ਤੋਂ ਅਪਰੈਲ ਮਹੀਨੇ ਦਰਮਿਆਨ ਚਲਾਈ ਜਾਵੇਗੀ ਮੁਹਿੰਮ**

**ਟ੍ਰਿਬਿਊਨ ਨਿਊਜ਼ ਸਰਵਿਸ**
**ਚੰਡੀਗੜ੍ਹ, 11 ਨਵੰਬਰ**

ਪੰਜਾਬ ਸਰਕਾਰ ਨੇ ਲੰਪੀ ਸਕਿਨ ਬੀਮਾਰੀ ਦੀ ਕਿਸੇ ਹੋਰ ਸੰਭਾਵੀ ਲਹਿਰ ਤੋਂ ਪਸ਼ੂਆਂ ਦੇ ਅਗਾਊਂ ਬਚਾਅ ਲਈ ਯੋਜਨਾ ਤਿਆਰ ਕੀਤੀ ਹੈ। ਲੰਪੀ ਸਕਿਨ ਬੀਮਾਰੀ ਦੀ ਸਮੀਖਿਆ ਲਈ ਬਣੇ ਮੰਤਰੀ ਸਮੂਹ ਵੱਲੋਂ ਇਸ ਬਿਮਾਰੀ ਤੋਂ ਪਸ਼ੂਆਂ ਦੇ ਬਚਾਅ ਲਈ 15 ਫ਼ਰਵਰੀ 2023 ਤੋਂ ਟੀਕਾਕਰਨ ਮੁਹਿੰਮ ਵਿੱਢਣ ਦਾ ਫ਼ੈਸਲਾ ਲਿਆ ਗਿਆ ਹੈ। ਪੰਜਾਬ ਭਵਨ ਵਿੱਚ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਅਤੇ ਪਸ਼ੂ ਪਾਲਣ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਸਮੀਖਿਆ ਮੀਟਿੰਗ ਦੌਰਾਨ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸੂਬੇ ਵਿੱਚ ਕਰੀਬ 25 ਲੱਖ ਗਊਆਂ ਹਨ ਤੇ ਗਊਆਂ ਦੀ ਸੌ ਫ਼ੀਸਦ ਆਬਾਦੀ ਨੂੰ ਕਵਰ ਕਰਨ ਲਈ ਅਗਲੇ ਸਾਲ 15 ਫ਼ਰਵਰੀ ਤੋਂ 30 ਅਪਰੈਲ ਤੱਕ ਟੀਕਾਕਰਨ ਮੁਹਿੰਮ ਮੁਕੰਮਲ ਕੀਤੀ ਜਾਵੇ। ਇਸ ਸਬੰਧੀ ਵੈਟਰਨਰੀ ਬਾਇਓਲੌਜੀਕਲ ਐਂਡ ਰਿਸਰਚ ਇੰਸਟੀਚਿਊਟ, ਹੈਦਰਾਬਾਦ (ਤੇਲੰਗਾਨਾ) ਤੋਂ ਕਿਫ਼ਾਇਤੀ ਦਰਾਂ 'ਤੇ ਗਊਆਂ ਦੀ ਆਬਾਦੀ ਮੁਤਾਬਕ ਕਰੀਬ 25 ਲੱਖ ਡੋਜ਼ ਖ਼ਰੀਦਣ ਲਈ ਚਾਰਾਜੋਈ ਆਰੰਭਣ ਦੀ ਵੀ ਹਦਾਇਤ ਕੀਤੀ ਗਈ ਹੈ। ਇਸ ਮੀਟਿੰਗ ਦੌਰਾਨ ਗੁਰੂ ਅੰਗਦ ਦੇਵ ਵੈਟਰਨਰੀ ਤੇ ਐਨੀਮਲ ਯੂਨੀਵਰਸਿਟੀ (ਗਡਵਾਸੂ) ਦੇ ਮਾਹਰਾਂ ਵੱਲੋਂ ਮੰਤਰੀ ਸਮੂਹ ਨੂੰ ਦੱਸਿਆ ਗਿਆ ਕਿ ਲੰਪੀ ਸਕਿਨ ਬੀਮਾਰੀ ਨਾਲ ਮੱਝਾਂ ਦੇ ਪ੍ਰਭਾਵਤ ਹੋਣ ਦੀ ਕੌਮੀ ਦਰ ਇੱਕ ਤੋਂ ਡੇਢ ਫ਼ੀਸਦੀ ਹੈ। ਇਸ 'ਤੇ ਕੈਬਨਿਟ ਮੰਤਰੀਆਂ ਨੇ 7 ਮੈਂਬਰੀ ਮਾਹਰ ਕਮੇਟੀ ਬਣਾਉਣ ਦੀ ਹਦਾਇਤ ਦਿੱਤੀ, ਜੋ ਮੱਝਾਂ ਨੂੰ ਗੋਟ ਪੌਕਸ ਟੀਕਾ ਲਗਾਉਣ ਸਬੰਧੀ ਆਪਣੇ ਸੁਝਾਅ 10 ਦਿਨਾਂ ਦੇ ਅੰਦਰ-ਅੰਦਰ ਦੇਣ ਲਈ ਪਾਬੰਦ ਕੀਤੀ ਗਈ ਹੈ।

# ਸਿਖਲਾਈ ਲਈ ਅਧਿਆਪਕਾਂ ਨੂੰ ਵਿਦੇਸ਼ ਭੇਜਣ ਲਈ 'ਵਿਸ਼ੇਸ਼ ਸੈੱਲ' ਕਾਇਮ

**ਪੋਰਟਲ 'ਤੇ ਅਪਲਾਈ ਕਰਨ ਅਤੇ ਲਿਖਤੀ ਪ੍ਰੀਖਿਆ ਪਾਸ ਕਰਨ ਵਾਲੇ ਅਧਿਆਪਕਾਂ 'ਚੋਂ ਕੀਤੀ ਜਾਵੇਗੀ ਚੋਣ**

**ਟ੍ਰਿਬਿਊਨ ਨਿਊਜ਼ ਸਰਵਿਸ**
**ਚੰਡੀਗੜ੍ਹ, 11 ਨਵੰਬਰ**

ਪੰਜਾਬ ਸਰਕਾਰ ਨੇ ਸਰਕਾਰੀ ਅਧਿਆਪਕਾਂ ਨੂੰ ਵਿਦੇਸ਼ਾਂ 'ਚੋਂ ਸਿਖਲਾਈ ਦਿਵਾਉਣ ਦੀ ਪ੍ਰਕਿਰਿਆ ਵਿੱਢ ਦਿੱਤੀ ਹੈ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਲੁਧਿਆਣਾ ਵਿੱਚ ਐਲਾਨ ਕੀਤਾ ਗਿਆ ਸੀ ਕਿ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਵਿਦੇਸ਼ਾਂ 'ਚੋਂ ਵਿਸ਼ੇਸ਼ ਸਿਖਲਾਈ ਦਿਵਾਈ ਜਾਵੇਗੀ, ਜਿਸ ਦੇ ਆਧਾਰ 'ਤੇ ਹੀ ਇਹ ਕਾਰਵਾਈ ਸਕੂਲ ਸਿੱਖਿਆ ਵਿਭਾਗ ਵੱਲੋਂ ਆਰੰਭੀ ਗਈ ਹੈ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਅੱਜ ਇਥੇ ਦੱਸਿਆ ਕਿ ਇਸ ਸਿਖਲਾਈ ਵਾਸਤੇ ਦਫ਼ਤਰ ਰਾਜ ਵਿੱਦਿਅਕ ਖੋਜ ਤੇ ਸਿਖਲਾਈ ਪਰਿਸ਼ਦ ਤਹਿਤ 'ਅੰਤਰਰਾਸ਼ਟਰੀ ਵਿੱਦਿਅਕ ਮਾਮਲਿਆਂ ਦਾ ਸੈੱਲ' ਬਣਾਇਆ ਗਿਆ ਹੈ ਤਾਂ ਜੋ ਸਿੱਖਿਆ ਪ੍ਰਸ਼ਾਸਕਾਂ, ਸਕੂਲ ਮੁਖੀਆਂ ਅਤੇ ਵੱਖ-ਵੱਖ ਕਾਡਰਾਂ ਤਹਿਤ ਕੰਮ ਕਰ ਰਹੇ ਅਧਿਆਪਕਾਂ ਨੂੰ ਸਿੱਖਿਆ ਦੇ ਖੇਤਰ ਵਿੱਚ ਬਿਹਤਰ ਕਾਰਗੁਜ਼ਾਰੀ ਲਈ ਦੇਸ ਦੇ ਅੰਦਰ ਤੇ ਵਿਦੇਸ਼ਾਂ ਵਿੱਚ ਕਾਰਜ ਕਰ ਰਹੀਆਂ ਸੰਸਥਾਵਾਂ ਕੋਲੋਂ ਓਰੀਐਂਟੇਸ਼ਨ ਕਰਵਾਉਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾ ਸਕੇ। ਉਨ੍ਹਾਂ ਦੱਸਿਆ ਕਿ ਇਸ ਸੈੱਲ ਦੀ ਸਥਾਪਨਾ ਦਾ ਮੁੱਖ ਉਦੇਸ਼ ਸਿੱਖਿਆ ਵਿਭਾਗ ਵਿੱਚੋਂ ਉਨ੍ਹਾਂ ਅਧਿਕਾਰੀਆਂ ਅਤੇ ਅਧਿਆਪਕਾਂ ਦੀ ਪਾਰਦਰਸ਼ੀ ਢੰਗ ਨਾਲ ਚੋਣ ਕਰਨਾ ਹੈ, ਜਿਨ੍ਹਾਂ ਨੂੰ ਅੰਤਰਰਾਸ਼ਟਰੀ ਜਾਂ ਰਾਸ਼ਟਰੀ ਸੰਸਥਾਵਾਂ 'ਚੋਂ ਪੰਜਾਬ ਦੀ ਸਕੂਲੀ ਸਿੱਖਿਆ ਦੇ ਵਿਕਾਸ ਲਈ ਸਿਖਲਾਈ ਪ੍ਰਾਪਤ ਕਰਨ ਲਈ ਭੇਜਿਆ ਜਾਣਾ ਹੈ ਤਾਂ ਜੋ ਭਵਿੱਖ ਵਿੱਚ ਵਧੀਆ ਕਾਰਗੁਜ਼ਾਰੀ ਰਾਹੀਂ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਮੁਹੱਈਆ ਕਰਵਾਈ ਜਾ ਸਕੇ। ਬੈਂਸ ਨੇ ਦੱਸਿਆ ਕਿ ਇਸ ਸੈੱਲ ਦਾ ਇੱਕ ਉਦੇਸ਼ ਇਹ ਵੀ ਹੋਵੇਗਾ ਕਿ ਅਧਿਆਪਕਾਂ ਦੀ ਸਮਰੱਥਾ ਵਿੱਚ ਵਾਧਾ ਕੀਤਾ ਜਾਵੇ।

### ਸਿਫਾਰਸ਼ ਨਹੀਂ ਚੱਲੇਗੀ..

ਸਿੱਖਿਆ ਮੰਤਰੀ ਨੇ ਦੱਸਿਆ ਕਿ ਵਿਭਾਗ ਵੱਲੋਂ ਵੱਖ-ਵੱਖ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਓਰੀਐਂਟੇਸ਼ਨ ਪ੍ਰੋਗਰਾਮਾਂ ਦੀ ਚੋਣ ਲਈ ਤਿਆਰ ਕੀਤੇ ਜਾ ਰਹੇ ਪੋਰਟਲ 'ਤੇ ਅਪਲਾਈ ਕਰਨ, ਵਿਸ਼ੇਸ਼ ਲਿਖਤੀ ਪ੍ਰੀਖਿਆ ਅਤੇ ਇੰਟਰਵਿਊ ਦੀ ਪ੍ਰਕਿਰਿਆ ਵਿੱਚੋਂ ਗੁਜ਼ਰਨਾਂ ਲਾਜ਼ਮੀ ਹੋਵੇਗਾ। ਜੇਕਰ ਕੋਈ ਸਿਆਸੀ ਪ੍ਰਭਾਵ ਵਰਤਣ ਦੀ ਕੋਸ਼ਿਸ਼ ਕਰੇਗਾ ਤਾਂ ਉਸ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ।


## ਐਸਐਮਐਲ ਇਸੁਜ਼ੂ ਲਿਮਟਿਡ

SML ISUZU

ਰਜਿ. ਦਫਤਰ: ਪਿੰਡ ਆਸਰੋਂ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ)-144533, ਪੰਜਾਬ, CIN: L50101PB1983PLC005516
Website: www.smlisuzu.com, E-mail ID: investors@smlisuzu.com, T: 91 1881 270255, F: 91 1881 270223

**30 ਸਤੰਬਰ, 2022 ਨੂੰ ਸਮਾਪਤ ਤਿਮਾਹੀ ਅਤੇ ਅੱਧੇ ਸਾਲ ਲਈ ਗੈਰ-ਆਡਿਟਿਡ ਮਾਲੀ ਵੇਰਵਿਆਂ ਦਾ ਸਾਰ**

ਰੁ. ਕਰੋੜਾਂ ਵਿਚ, ਪ੍ਰਤੀ ਇਕੁਇਟੀ ਸ਼ੇਅਰ ਡਾਟਾ ਤੋਂ ਇਲਾਵਾ

| ਵੇਰਵੇ | ਸਮਾਪਤ ਤਿਮਾਹੀ | | | ਸਮਾਪਤ ਅੱਧਾ ਸਾਲ | | ਸਮਾਪਤ ਸਾਲ |
|---|---|---|---|---|---|---|
| | 30.09.2022 | 30.06.2022 | 30.09.2021 | 30.09.2022 | 30.09.2021 | 31.03.2022 |
| | ਗੈਰ-ਆਡਿਟਿਡ | | | | | ਆਡਿਟਿਡ |
| ਕੁੱਲ ਆਮਦਨ | 410.84 | 500.66 | 236.43 | 911.50 | 336.75 | 930.13 |
| ਮਿਆਦ ਲਈ ਸ਼ੁੱਧ ਲਾਭ/(ਹਾਨੀ) (ਟੈਕਸ ਅਤੇ ਅਸਾਧਾਰਨ ਆਈਟਮਾਂ ਤੋਂ ਪਹਿਲਾਂ) | (9.17) | 2.34 | (29.63) | (6.83) | (63.07) | (100.27) |
| ਟੈਕਸ ਤੋਂ ਪਹਿਲਾਂ ਮਿਆਦ ਲਈ ਸ਼ੁੱਧ ਲਾਭ/(ਹਾਨੀ) (ਅਸਾਧਾਰਨ ਆਈਟਮਾਂ ਤੋਂ ਬਾਅਦ) | (9.17) | 2.34 | (29.63) | (6.83) | (63.07) | (100.27) |
| ਟੈਕਸ ਤੋਂ ਬਾਅਦ ਮਿਆਦ ਲਈ ਸ਼ੁੱਧ ਲਾਭ/(ਹਾਨੀ) (ਅਸਾਧਾਰਨ ਆਈਟਮਾਂ ਤੋਂ ਬਾਅਦ) | (9.17) | 2.34 | (29.11) | (6.83) | (62.55) | (99.76) |
| ਮਿਆਦ ਲਈ ਕੁੱਲ ਵਿਆਪਕ ਆਮਦਨ [ਸ਼ਾਮਲ ਹੈ: ਮਿਆਦ ਲਈ ਲਾਭ/(ਹਾਨੀ) (ਟੈਕਸ ਤੋਂ ਬਾਅਦ) ਅਤੇ ਹੋਰ ਵਿਆਪਕ ਆਮਦਨ (ਟੈਕਸ ਤੋਂ ਬਾਅਦ) ] | (9.45) | 2.11 | (28.49) | (7.34) | (61.53) | (94.08) |
| ਇਕੁਇਟੀ ਸ਼ੇਅਰ ਪੂੰਜੀ | 14.48 | 14.48 | 14.48 | 14.48 | 14.48 | 14.48 |
| ਹੋਰ ਇਕੁਇਟੀ (ਰਿਵੈਲੀਉਏਸ਼ਨ ਰਿਜ਼ਰਵ ਨੂੰ ਛੱਡ ਕੇ) | - | - | - | - | - | 147.01 |
| ਪ੍ਰਤੀ ਸ਼ੇਅਰ ਆਮਦਨ (ਰੁ. 10/- ਹਰੇਕ ਦੀ) (ਜਾਰੀ ਅਤੇ ਬੰਦ ਹੋ ਚੁੱਕੇ ਅਪਰੇਸ਼ਨਾਂ ਲਈ) | | | | | | |
| 1. ਮੂਲ (ਰੁ.) | (6.34) | 1.62 | (20.11) | (4.72) | (43.22) | (68.94) |
| 2. ਘੱਟ ਹੋਈ (ਰੁ.) | (6.34) | 1.62 | (20.11) | (4.72) | (43.22) | (68.94) |

ਨੋਟ:
1. ਸੇਬੀ (ਲਿਸਟਿੰਗ ਐਂਡ ਅਦਰ ਡਿਸਕਲੋਜ਼ਰ ਰਿਕੁਆਇਰਮੈਂਟਸ) ਰੈਗੂਲੇਸ਼ਨ-2015 ਦੇ ਰੈਗੂਲੇਸ਼ਨ-33 ਅਧੀਨ ਸਟਾਕ ਐਕਸਚੇਂਜ ਕੋਲ ਫਾਈਲ ਕੀਤੇ ਸਾਲਾਨਾ/ਤਿਮਾਹੀ ਮਾਲੀ ਵੇਰਵਿਆਂ ਦੇ ਵਿਸਤ੍ਰਿਤ ਫਾਰਮੇਟ ਦਾ ਉਕਤ ਸਾਰ ਹੈ। ਸਾਲਾਨਾ/ਤਿਮਾਹੀ ਮਾਲੀ ਵੇਰਵਿਆਂ ਦਾ ਮੁਕੰਮਲ ਫਾਰਮੇਟ ਸਟਾਕ ਐਕਸਚੇਂਜ ਦੀ ਵੈੱਬਸਾਈਟ (www.bseindia.com, www.nseindia.com) ਅਤੇ ਕੰਪਨੀ ਦੀ ਵੈੱਬਸਾਈਟ (www.smlisuzu.com) 'ਤੇ ਸੁਲੱਭ ਹੈ।



ਡਾਇਰੈਕਟਰਾਂ ਦੇ ਬੋਰਡ ਦੇ ਵੱਲੋਂ ਅਤੇ ਵਾਸਤੇ।

ਥਾਂ: ਨਵੀਂ ਦਿੱਲੀ
ਮਿਤੀ: 11 ਨਵੰਬਰ, 2022

(Junya Yamanishi)
Managing Director & CEO
DIN: 09174162


# ਭਗਵੰਤ ਮਾਨ, ਬੈਂਸ, ਚੀਮਾ ਤੇ ਹਰਭਜਨ ਸਟਾਰ ਚੋਣ ਪ੍ਰਚਾਰਕਾਂ ਦੀ ਸੂਚੀ ਵਿੱਚ ਸ਼ਾਮਲ

**ਪੱਤਰ ਪ੍ਰੇਰਕ**
**ਨਵੀਂ ਦਿੱਲੀ, 11 ਨਵੰਬਰ**

'ਆਪ' ਵੱਲੋਂ ਦਿੱਲੀ ਨਗਰ ਨਿਗਮ ਚੋਣਾਂ ਲਈ ਜਾਰੀ ਸਟਾਰ ਚੋਣ ਪ੍ਰਚਾਰਕਾਂ ਦੀ ਸੂਚੀ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਹਰਪਾਲ ਸਿੰਘ ਚੀਮਾ, ਹਰਜੋਤ ਸਿੰਘ ਬੈਂਸ, ਵਿਧਾਇਕ ਅਮਨ ਅਰੋੜਾ ਤੋਂ ਇਲਾਵਾ ਹਰਭਜਨ ਸਿੰਘ, ਰਾਜ ਸਭਾ ਮੈਂਬਰਾਂ ਰਾਘਵ ਚੱਢਾ, ਸੰਜੇ ਸਿੰਘ, ਸੁਸ਼ੀਲ ਗੁਪਤਾ ਤੇ ਐੱਨਡੀ ਗੁਪਤਾ ਨੂੰ ਸ਼ਾਮਲ ਕੀਤਾ ਹੈ। ਦਿੱਲੀ ਤੋਂ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਮਨੀਸ਼ ਸਿਸੋਦੀਆ, ਵਿਧਾਇਕਾਂ ਵਿੱਚ ਪੰਕਜ ਗੁਪਤਾ, ਦੁਰਗੇਸ਼ ਪਾਠਕ, ਦਲੀਪ ਪਾਂਡੇ, ਆਤਿਸ਼ੀ, ਸੌਰਭ ਭਾਰਦਵਾਜ, ਸੋਮ ਨਾਥ ਭਾਰਤੀ, ਵਿਧਾਇਕ ਜਰਨੈਲ ਸਿੰਘ, ਸਾਬਕਾ ਮੰਤਰੀ ਰਾਜਿੰਦਰ ਪਾਲ ਗੌਤਮ, ਰਾਖੀ ਬਿਰਲਾ ਸਮੇਤ ਕੁੱਲ 30 ਸਟਾਰ ਪ੍ਰਚਾਰਕਾਂ ਦੀ ਸੂਚੀ ਜਾਰੀ ਕੀਤੀ ਗਈ ਹੈ। ਦਿੱਲੀ ਦੇ ਸਾਰੇ ਮੰਤਰੀ ਵੀ ਸੂਚੀ ਦਾ ਹਿੱਸਾ ਹਨ।

# ਕਰਜ਼ੇ ਤੋਂ ਪ੍ਰੇਸ਼ਾਨ ਕਿਸਾਨ ਵੱਲੋਂ ਖੁਦਕੁਸ਼ੀ

**ਪੱਤਰ ਪ੍ਰੇਰਕ**
**ਸ਼ਹਿਣਾ, 11 ਨਵੰਬਰ**

ਪਿੰਡ ਮੌੜ ਨਾਭਾ ਵਿੱਚ ਕਰਜ਼ੇ ਤੋਂ ਪ੍ਰੇਸ਼ਾਨ ਇਕ ਕਿਸਾਨ ਨੇ ਕੋਈ ਜ਼ਹਿਰੀਲੀ ਚੀਜ਼ ਨਿਗਲ ਕੇ ਖੁਦਕੁਸ਼ੀ ਕਰ ਲਈ ਹੈ। ਮ੍ਰਿਤਕ ਦੀ ਪਛਾਣ ਬਖਸ਼ੀਸ਼ ਸਿੰਘ (56) ਪੁੱਤਰ ਮੱਘਰ ਸਿੰਘ ਵਜੋਂ ਹੋਈ ਹੈ। ਬਖਸ਼ੀਸ਼ ਸਿੰਘ ਦੇ ਪੁੱਤਰ ਬੂਟਾ ਸਿੰਘ ਨੇ ਦੱਸਿਆ ਕਿ ਉਸ ਦੀ ਮਾਤਾ ਗੁਰਮੀਤ ਕੌਰ ਗੁਰਦਿਆਂ ਦੀ ਬਿਮਾਰੀ ਤੋਂ ਪੀੜਤ ਸੀ। ਇਲਾਜ 'ਤੇ ਕਰੀਬ 10 ਲੱਖ ਰੁਪਏ ਖਰਚ ਕਰਨ ਦੇ ਬਾਵਜੂਦ 20 ਦਿਨ ਵਿੱਚ ਉਸ ਦੀ ਮੌਤ ਹੋ ਗਈ। ਬੂਟਾ ਸਿੰਘ ਨੇ ਦੱਸਿਆ ਕਿ ਮਾਤਾ ਦੇ ਇਲਾਜ ਲਈ ਉਨ੍ਹਾਂ ਨੇ ਬੈਂਕ ਤੋਂ ਕਰਜ਼ਾ ਲਿਆ ਸੀ, ਜਿਸ ਕਾਰਨ ਉਸ ਦਾ ਪਿਤਾ ਪ੍ਰੇਸ਼ਾਨ ਰਹਿੰਦਾ ਸੀ। ਉਸ ਨੇ ਦੱਸਿਆ ਕਿ ਖੇਤੀ ਵਿੱਚ ਵੀ ਘਾਟਾ ਹੀ ਪੈ ਰਿਹਾ ਸੀ। ਭਾਰਤੀ ਕਿਸਾਨ ਯੂਨੀਅਨ ਦੇ ਆਗੂਆਂ ਨੇ ਕਿਸਾਨ ਦਾ ਕਰਜ਼ਾ ਮੁਆਫ਼ ਕਰਨ ਦੀ ਮੰਗ ਕੀਤੀ ਹੈ।

# ਪਰਾਲੀ ਸਾੜਨ ਦੇ ਮਾਮਲੇ ਪਿਛਲੇ ਸਾਲ ਦੇ ਮੁਕਾਬਲੇ 30 ਫੀਸਦੀ ਘਟੇ

## ਮੁੱਖ ਸਕੱਤਰ ਵੱਲੋਂ ਪਰਾਲੀ ਨਾ ਸਾੜਨ ਵਾਲੇ ਕਿਸਾਨਾਂ ਦਾ ਸਨਮਾਨ ਕਰਨ ਦੀਆਂ ਹਦਾਇਤਾਂ

**ਟ੍ਰਿਬਿਊਨ ਨਿਊਜ਼ ਸਰਵਿਸ**
**ਚੰਡੀਗੜ੍ਹ, 11 ਨਵੰਬਰ**

ਪੰਜਾਬ ਸਰਕਾਰ ਦੇ ਯਤਨਾਂ ਸਦਕਾ ਪਿਛਲੇ ਸਾਲ ਦੇ ਮੁਕਾਬਲੇ ਪਰਾਲੀ ਸਾੜਨ ਦੇ ਮਾਮਲਿਆਂ ਵਿੱਚ ਲਗਪਗ 30 ਫੀਸਦੀ ਕਮੀ ਆਈ ਹੈ। ਪੰਜਾਬ ਦੇ ਮੁੱਖ ਸਕੱਤਰ ਵਿਜੈ ਕੁਮਾਰ ਜੰਜੂਆ ਨੇ ਖੇਤੀਬਾੜੀ, ਵਿਗਿਆਨ ਅਤੇ ਤਕਨਾਲੋਜੀ ਵਾਤਾਵਰਨ, ਪੇਡਾ ਦੇ ਅਧਿਕਾਰੀਆਂ ਅਤੇ ਡਿਪਟੀ ਕਮਿਸ਼ਨਰਾਂ ਨਾਲ ਇੱਕ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਵੱਧ ਤੋਂ ਵੱਧ ਉਤਸ਼ਾਹਿਤ ਕਰਨ ਅਤੇ ਪ੍ਰੇਰਿਤ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਡਿਪਟੀ ਕਮਿਸ਼ਨਰਾਂ ਨੂੰ ਪਰਾਲੀ ਨਾ ਸਾੜਨ ਵਾਲੇ ਕਿਸਾਨਾਂ ਦਾ ਸਨਮਾਨ ਕਰਨ ਦੀ ਹਦਾਇਤ ਵੀ ਕੀਤੀ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰਾਂ ਨੇ ਦੱਸਿਆ ਕਿ ਸੈਟੇਲਾਈਟ ਸਿਸਟਮ ਵੱਲੋਂ ਅੱਗ ਲੱਗਣ ਦੀ ਹਰ ਘਟਨਾ ਨੂੰ ਦਰਸਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਐਤਕੀਂ ਵੱਡੇ ਪੱਧਰ 'ਤੇ ਪਰਾਲੀ ਦੀ ਬੇਲਿੰਗ ਕੀਤੀ ਗਈ ਹੈ ਅਤੇ ਜਿਸ ਥਾਂ 'ਤੇ ਬੇਲਿੰਗ ਮਗਰੋਂ ਵੱਟਾਂ ਨੇੜੇ ਪਰਾਲੀ ਨੂੰ ਅੱਗ ਲਾਈ ਗਈ, ਸੈਟੇਲਾਈਟ ਸਿਸਟਮ ਨੇ ਉਸ ਦੇ ਅੰਕੜੇ ਵੀ ਪੇਸ਼ ਕੀਤੇ ਹਨ। ਮੁੱਖ ਸਕੱਤਰ ਨੇ ਖੇਤੀਬਾੜੀ ਵਿਭਾਗ ਨੂੰ ਹਦਾਇਤ ਕੀਤੀ ਕਿ 30 ਨਵੰਬਰ ਤੱਕ ਸਬਸਿਡੀ 'ਤੇ ਦਿੱਤੀਆਂ ਮਸ਼ੀਨਾਂ ਦੇ ਪੈਸੇ ਲੋਕਾਂ ਦੇ ਖਾਤਿਆਂ ਵਿੱਚ ਭੇਜੇ ਜਾਣ। ਉਨ੍ਹਾਂ ਖੇਤੀਬਾੜੀ ਵਿਭਾਗ ਨੂੰ ਹਦਾਇਤ ਕੀਤੀ ਕਿ ਪਰਾਲੀ ਦੀ ਸਾਂਭ-ਸੰਭਾਲ ਲਈ ਬਲਾਕ ਪੱਧਰ 'ਤੇ ਲੋੜ ਅਨੁਸਾਰ ਮਸ਼ੀਨਾਂ ਦੀਆਂ ਕਿਸਮਾਂ ਬਾਰੇ ਪੂਰੇ ਅੰਕੜਿਆਂ ਦਾ ਖਾਕਾ ਤਿਆਰ ਕਰਕੇ ਭੇਜਿਆ ਜਾਵੇ। ਮੁੱਖ ਸਕੱਤਰ ਨੇ ਕਿਹਾ ਕਿ ਪੰਚਾਇਤਾਂ ਅਤੇ ਕੋਆਪਰੇਟਿਵ ਸੁਸਾਈਟੀਆਂ ਨੂੰ ਪਰਾਲੀ ਸਾਂਭਣ ਲਈ ਵੱਧ ਤੋਂ ਵੱਧ ਸੰਦ ਅਤੇ ਮਸ਼ੀਨਾਂ ਸਬਸਿਡੀ 'ਤੇ ਮੁਹੱਈਆ ਕਰਵਾਈਆਂ ਜਾਣ। ਡਿਪਟੀ ਕਮਿਸ਼ਨਰਾਂ ਵੱਲੋਂ ਦਿੱਤੇ ਸੁਝਾਅ ਕਿ ਪਰਾਲੀ ਸਾਂਭਣ ਵਾਲੀਆਂ ਮਸ਼ੀਨਾਂ ਨੂੰ ਚਲਾਉਣ ਲਈ ਵੱਡੀ ਹਾਰਸਪਾਵਰ ਦੇ ਟਰੈਕਟਰਾਂ ਦੀ ਲੋੜ ਹੁੰਦੀ ਹੈ, ਜਿਸ 'ਤੇ ਬੈਂਕ ਕਰਜ਼ਾ ਨਹੀਂ ਦਿੰਦੇ ਬਾਰੇ, ਮੁੱਖ ਸਕੱਤਰ ਨੇ ਵੱਡੇ ਹਾਰਸਪਾਵਰ ਵਾਲੇ ਟਰੈਕਟਰਾਂ 'ਤੇ ਕਰਜ਼ਾ ਦਿਵਾਉਣ ਸਬੰਧੀ ਬੈਂਕਾਂ ਨਾਲ ਗੱਲਬਾਤ ਕਰਨ ਲਈ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਜਾਰੀ ਕੀਤੇ। ਮੁੱਖ ਸਕੱਤਰ ਨੇ ਕਿਹਾ ਕਿ ਜਿਹੜੀਆਂ ਫਰਮਾਂ ਨੇ ਪਰਾਲੀ ਦੀ ਸਾਂਭ-ਸੰਭਾਲ ਸਮੇਂ ਖ਼ਰਾਬ ਹੋਈਆਂ ਕਿਸਾਨਾਂ ਦੀਆਂ ਮਸ਼ੀਨਾਂ ਦੀ ਮੁਰੰਮਤ ਨਹੀਂ ਕੀਤੀ ਉਨ੍ਹਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰਾਂ ਨੂੰ ਭੱਠਿਆਂ ਵਿੱਚ ਵਰਤੋਂ ਲਈ ਇਕੱਠੀ ਕੀਤੀ ਗਈ ਪਰਾਲੀ ਨੂੰ ਸੰਭਾਲਣ ਲਈ ਤੁਰੰਤ ਉਪਰਾਲੇ ਕੀਤੇ ਜਾਣ ਸਬੰਧੀ ਵੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ। ਜ਼ਿਕਰਯੋਗ ਹੈ ਕਿ ਪਹਿਲੀ ਮਈ, 2023 ਤੋਂ ਭੱਠਿਆਂ ਵਿੱਚ ਪਰਾਲੀ ਦੀ ਵਰਤੋਂ ਸ਼ੁਰੂ ਕਰ ਦਿੱਤੀ ਜਾਵੇਗੀ।

# ਕੇਰਲਾ ਵਿੱਚ ਪਸ਼ੂਆਂ ਦੇ ਚਾਰੇ ਵਜੋਂ ਵਰਤੀ ਜਾਵੇਗੀ ਪੰਜਾਬ ਦੀ ਪਰਾਲੀ

## ਪਸ਼ੂ ਪਾਲਣ ਦੀਆਂ ਬਾਰੀਕੀਆਂ ਬਾਰੇ ਜਾਣਨ ਲਈ ਪੰਜਾਬ ਆਏ ਕੇਰਲਾ ਦੇ ਮੰਤਰੀ ਨੇ ਕੀਤਾ ਐਲਾਨ

**ਸਰਬਜੀਤ ਸਿੰਘ ਭੰਗੂ**
**ਪਟਿਆਲਾ, 11 ਨਵੰਬਰ**

ਹਵਾ ਪ੍ਰਦੂਸ਼ਣ ਸਮੇਤ ਕਈ ਸਮੱਸਿਆਵਾਂ ਦਾ ਕਾਰਨ ਬਣੀ ਝੋਨੇ ਦੀ ਪਰਾਲੀ ਦੇ ਹੱਲ ਦੀ ਉਮੀਦ ਬੱਝੀ ਹੈ। ਕੇਰਲਾ ਸਰਕਾਰ ਪਸ਼ੂਆਂ ਦੇ ਚਾਰੇ ਲਈ ਪਰਾਲੀ ਦੀ ਵਰਤੋਂ ਕਰਨ ਬਾਰੇ ਵਿਚਾਰ ਕਰ ਰਹੀ ਹੈ, ਜਿਸ ਸਬੰਧੀ ਬਾਕਾਇਦਾ ਰਣਨੀਤੀ ਉਲੀਕੀ ਜਾਵੇਗੀ। ਅੱਜ ਇੱਥੇ ਕੇਰਲਾ ਦੀ ਪਸ਼ੂ ਪਾਲਣ ਮੰਤਰੀ ਸ੍ਰੀਮਤੀ ਜੇ. ਚਿਨਚੁਰਾਨੀ ਦੀ ਅਗਵਾਈ ਹੇਠ ਪੁੱਜੀ 21 ਮੈਂਬਰੀ ਟੀਮ ਨੇ ਪਟਿਆਲਾ ਨੇੜਲੇ ਰੌਣੀ ਫਾਰਮ ਦਾ ਦੌਰਾ ਕੀਤਾ। ਕੇਰਲਾ ਸਰਕਾਰ ਦਾ ਇਹ ਵਫ਼ਦ ਸੂਬੇ ਦੇ ਪਸ਼ੂ ਪਾਲਣ ਵਿਭਾਗ ਦੀ ਕਾਰਜਪ੍ਰਣਾਲੀ ਨੂੰ ਸਮਝਣ ਲਈ ਪੰਜਾਬ ਦੇ ਦੌਰੇ 'ਤੇ ਹੈ।

ਵਫ਼ਦ ਵਿੱਚ ਸ਼ਾਮਲ ਮੰਤਰੀ ਸ੍ਰੀਮਤੀ ਜੇ. ਚਿਨਚੁਰਾਨੀ ਨੇ ਕੇਰਲਾ ਦੇ ਪਸ਼ੂਆਂ ਲਈ ਚਾਰੇ ਵਜੋਂ ਪਰਾਲੀ ਦੀ ਵਰਤੋਂ ਕਰਨ ਬਾਰੇ ਗੰਭੀਰਤਾ ਨਾਲ ਚਰਚਾ ਕੀਤੀ ਅਤੇ ਜੇਕਰ ਦੋਵਾਂ ਸੂਬਿਆਂ ਵਿਚਾਲੇ ਇਸ ਮੁੱਦੇ 'ਤੇ ਸਹਿਮਤੀ ਬਣਦੀ ਹੈ ਤਾਂ ਪਰਾਲੀ ਪ੍ਰਬੰਧਨ ਵਿੱਚ ਵੱਡੀ ਰਾਹਤ ਮਿਲੇਗੀ। ਉਨ੍ਹਾਂ ਪੰਜਾਬ ਪਸ਼ੂ ਪਾਲਣ ਵਿਭਾਗ ਦੀ ਕਾਰਜਪ੍ਰਣਾਲੀ ਨੂੰ ਬਿਹਤਰ ਦੱਸਦਿਆਂ ਵਿਭਾਗ ਦੇ ਮੰਤਰੀ ਕੋਲੋਂ ਸਾਹੀਵਾਲ ਤੇ ਗਿਰ ਨਸਲ ਵਾਲੀਆਂ ਗਊਆਂ ਦਾ ਸੀਮਨ ਲੈਣ ਦੀ ਗੱਲ ਵੀ ਆਖੀ। ਉਨ੍ਹਾਂ ਕਿਹਾ ਕਿ ਪਸ਼ੂ ਪਾਲਣ ਦੀਆਂ ਬਾਰੀਕੀਆਂ ਨੂੰ ਸਮਝਣ ਲਈ ਹੀ ਕੇਰਲਾ ਸਰਕਾਰ ਵੱਲੋਂ ਦੌਰੇ ਦਾ ਪ੍ਰੋਗਰਾਮ ਉਲੀਕਿਆ ਗਿਆ। ਰੌਣੀ ਫਾਰਮ ਵਿੱਚ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਡਾ. ਗੁਰਚਰਨ ਸਿੰਘ ਨੇ ਦੱਸਿਆ ਕਿ ਵਿਭਾਗ ਵੱਲੋਂ ਜਿਥੇ ਵਧੀਆ ਕੁਆਲਟੀ ਦਾ ਸੀਮਨ ਤਿਆਰ ਕੀਤਾ ਜਾਂਦਾ ਹੈ, ਉਥੇ ਹੀ ਹੋਰਨਾਂ ਰਾਜਾਂ ਨੂੰ ਸੀਮਨ ਵੇਚਿਆ ਵੀ ਜਾਂਦਾ ਹੈ। 'ਕੇਰਲਾ ਪਸ਼ੂ ਧਨ ਅਤੇ ਪੋਲਟਰੀ ਫ਼ੀਡ ਤੇ ਮਿਨਰਲ ਮਿਕਸਚਰ (ਨਿਰਮਾਣ ਤੇ ਵਿਕਰੀ ਨਿਯਮ) ਬਿਲ, 2022' ਬਣਾਉਣ ਲਈ ਅਧਿਐਨ ਕਰਨ ਵਾਸਤੇ ਪੰਜਾਬ ਦੌਰੇ 'ਤੇ ਪੁੱਜੀ ਕੇਰਲਾ ਵਿਧਾਨ ਸਭਾ ਦੀ ਚੁਣੀ ਗਈ ਕਮੇਟੀ ਨੂੰ ਡਿਪਟੀ ਡਾਇਰੈਕਟਰ ਨੇ ਦੱਸਿਆ ਕਿ ਸੂਬੇ ਵਿੱਚ ਪਸ਼ੂ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਵੀ ਲਗਾਤਾਰ ਟੀਕਾਕਰਨ ਮੁਹਿੰਮ ਚਲਾਈ ਜਾਂਦੀ ਹੈ। ਪੰਜਾਬ ਵਿੱਚ ਇਸ ਵੇਲੇ ਲਗਭਗ 2856 ਪਸ਼ੂ ਸੰਸਥਾਵਾਂ ਹਨ, ਜੋ ਸੂਬੇ ਵਿੱਚ ਔਸਤਨ 2400 ਪਸ਼ੂ ਪ੍ਰਤੀ ਸੰਸਥਾ ਅਤੇ ਲਗਭਗ 4.5 ਕਿਲੋਮੀਟਰ ਦੇ ਘੇਰੇ ਨੂੰ ਸੇਵਾਵਾਂ ਮੁਹੱਈਆ ਕਰਵਾ ਰਹੀਆਂ ਹਨ।

ਪਟਿਆਲਾ ਨੇੜੇ ਰੌਣੀ ਫਾਰਮ ਦਾ ਦੌਰਾ ਕਰਦੇ ਹੋਏ ਕੇਰਲਾ ਦੇ ਪਸ਼ੂ ਪਾਲਣ ਮੰਤਰੀ ਜੇ. ਚਿਨਚੁਰਾਨੀ ਤੇ ਹੋਰ।

# ਸ਼੍ਰੋਮਣੀ ਕਮੇਟੀ ਵਿੱਚ ਬੀਬੀਆਂ ਨੂੰ ਹਾਸ਼ੀਏ 'ਤੇ ਧੱਕਿਆ: ਰਾਮੂਵਾਲੀਆ

**ਟ੍ਰਿਬਿਊਨ ਨਿਊਜ਼ ਸਰਵਿਸ**
**ਚੰਡੀਗੜ੍ਹ, 11 ਨਵੰਬਰ**

ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕੀ ਕਮੇਟੀ ਦੀ ਕਾਰਜਕਾਰਨੀ ਵਿੱਚ ਬੀਬੀਆਂ ਨੂੰ ਢੁਕਵੀਂ ਨੁਮਾਇੰਦਗੀ ਨਾ ਮਿਲਣ ਦੇ ਮਾਮਲੇ ਵਿੱਚ ਅੱਜ ਸ਼੍ਰੋਮਣੀ ਅਕਾਲੀ ਦਲ ਨੂੰ ਨਿਸ਼ਾਨੇ 'ਤੇ ਲਿਆ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ 11 ਮੈਂਬਰੀ ਕਾਰਜਕਾਰਨੀ 'ਚੋਂ ਪਹਿਲਾਂ ਤਾਂ ਔਰਤਾਂ ਨੂੰ ਨੁਮਾਇੰਦਗੀ ਦੇਣ ਤੋਂ ਪਾਸਾ ਹੀ ਵੱਟ ਲਿਆ ਸੀ ਪਰ ਮਗਰੋਂ ਰੌਲਾ ਪੈਣ 'ਤੇ ਕਾਰਜਕਾਰਨੀ ਵਿਚ ਇੱਕ ਮਹਿਲਾ ਨੂੰ ਸ਼ਾਮਲ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕਾਰਜਕਰਨੀ ਵਿਚ ਔਰਤਾਂ ਨੂੰ ਸਿਰਫ ਹਾਜ਼ਰੀ ਨੁਮਾ ਪ੍ਰਤੀਨਿਧਤਾ ਦਿੱਤੀ ਗਈ ਹੈ ਜਦੋਂ ਕਿ ਕਾਰਜਕਾਰਨੀ 'ਚ ਢੁਕਵੀਂ ਨੁਮਾਇੰਦਗੀ ਦੇਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨਾਂ ਨੇ ਔਰਤ ਨੂੰ ਉੱਚਾ ਦਰਜਾ ਦਿੱਤਾ ਹੈ ਅਤੇ ਭਾਰਤੀ ਸਮਾਜ ਸਮਾਨਤਾ ਦਾ ਰੁਤਬਾ ਦਿੰਦਾ ਹੈ।